NYC Department of Health & Mental Hygiene | Department of Housing Preservation & Development

# ਘਰ ਦੇ ਅੰਦਰ ਲੈੱਡ ਪੇਂਟ ਦੇ ਖਤਰੇ

## ਘਰਾਂ ਨੂੰ ਸੁਰੱਖਿਅਤ ਰੱਖਣ ਲਈ ਕਿਰਾਏਦਾਰਾਂ ਨੂੰ ਕੀ ਪਤਾ ਹੋਣਾ ਚਾਹੀਦਾ ਹੈ ਅਤੇ ਬਿਲਡਿੰਗਾਂ ਦੇ ਮਾਲਕਾਂ ਨੂੰ ਕੀ ਕਰਨਾ ਚਾਹੀਦਾ ਹੈ

ਲੈੱਡ ਇੱਕ ਜ਼ਹਿਰ ਹੈ ਜੋ ਅਕਸਰ ਪੁਰਾਣੇ ਪੇਂਟ ਵਿੱਚ ਪਾਇਆ ਜਾਂਦਾ ਹੈ। ਲੈੱਡ ਪੇਂਟ, ਅਤੇ ਉਹ ਧੂੜ ਜਿਸ ਵਿੱਚ ਉਹ ਬਦਲ ਜਾਂਦਾ ਹੈ, ਬਚਪਨ ਵਿੱਚ ਹੋਣ ਵਾਲੀ ਲੈੱਡ ਪੌਇਜ਼ਨਿੰਗ ਦਾ ਸਭ ਤੋਂ ਆਮ ਤੌਰ 'ਤੇ ਪਛਾਣਿਆ ਸਰੋਤ ਹੈ। ਲੈੱਡ ਪੌਇਜ਼ਨਿੰਗ ਬੱਚਿਆਂ ਵਿੱਚ ਸਿੱਖਣ ਅਤੇ ਵਿਹਾਰ ਨਾਲ ਜੁੜੀਆਂ ਸਮੱਸਿਆਵਾਂ ਦਾ ਕਾਰਨ ਬਣ ਸਕਦੀ ਹੈ। 1960 ਵਿੱਚ NYC ਵਿੱਚ ਰਿਹਾਇਸ਼ੀ ਇਮਾਰਤਾਂ ਦੇ ਅੰਦਰ ਲੈੱਡ ਪੇਂਟ ਦੀ ਵਰਤੋਂ 'ਤੇ ਪਾਬੰਦੀ ਲਗਾ ਦਿੱਤੀ ਗਈ ਸੀ। 1960 ਤੋਂ ਪਹਿਲਾਂ ਬਣੀਆਂ ਇਮਾਰਤਾਂ ਦੀਆਂ ਕੰਧਾਂ, ਖਿੜਕੀਆਂ, ਵਿੰਡੋਸਿਲਸ, ਦਰਵਾਜ਼ਿਆਂ ਅਤੇ ਹੋਰ ਸਤਹਾਂ 'ਤੇ ਅਜੇ ਵੀ ਲੈੱਡ ਪੇਂਟ ਲੱਗਾ ਹੋ ਸਕਦਾ ਹੈ। ਜੇਕਰ ਪੇਂਟ ਛਿੱਲਣਾ ਸ਼ੁਰੂ ਹੋ ਜਾਂਦਾ ਹੈ ਜਾਂ ਘਰ ਦੀ ਮੁਰੰਮਤ ਅਸੁਰੱਖਿਅਤ ਢੰਗ ਨਾਲ ਕੀਤੀ ਜਾਂਦੀ ਹੈ, ਤਾਂ ਲੈੱਡ ਪੇਂਟ ਅਤੇ ਧੂੜ ਤੁਹਾਡੇ ਘਰ ਦੇ ਅੰਦਰ ਫੈਲ ਸਕਦੇ ਹਨ। ਜਦੋਂ ਬੱਚੇ ਆਪਣੇ ਮੂੰਹ ਵਿੱਚ ਹੱਥ ਅਤੇ ਖਿਡੌਣੇ ਪਾਉਂਦੇ ਹਨ, ਓਦੋਂ ਉਹ ਸੀਸੇ ਦੀ ਧੂੜ ਨੂੰ ਨਿਗਲ ਸਕਦੇ ਹਨ।

ਬੱਚਿਆਂ ਨੂੰ ਲੈੱਡ ਪੌਇਜ਼ਨਿੰਗ ਤੋਂ ਬਚਾਉਣ ਵਿੱਚ ਮਦਦ ਕਰਨ ਲਈ, ਕਨੂੰਨ ਦੇ ਤਹਿਤ ਇਹ ਜ਼ਰੂਰੀ ਹੈ ਕਿ ਬਿਲਡਿੰਗਾਂ ਦੇ ਮਾਲਕ ਉਨ੍ਹਾਂ ਅਪਾਰਟਮੈਂਟਾਂ ਵਿੱਚ **ਲੈੱਡ ਪੇਂਟ ਦੇ ਖਤਰਿਆਂ** ਦੀ ਪਛਾਣ ਕਰ ਕੇ ਉਨ੍ਹਾਂਨੂੰ ਦਰੁਸਤ ਕਰਨ ਜਿੱਥੇ 5 ਸਾਲ ਜਾਂ ਉਸਤੋਂ ਘੱਟ ਉਮਰ ਦੇ ਬੱਚੇ ਰਹਿੰਦੇ ਹਨ ਜਾਂ ਉੱਥੇ ਨਿਯਮਿਤ ਤੌਰ 'ਤੇ ਹਫ਼ਤੇ ਵਿੱਚ 10 ਜਾਂ ਵੱਧ ਘੰਟੇ ਬਿਤਾਉਂਦੇ ਹਨ। ਜੇਕਰ ਇਮਾਰਤ ਵਿੱਚ ਕਿਰਾਏ ਦੇ ਯੂਨਿਟਸ ਹਨ ਅਤੇ ਉਹ 1960 ਤੋਂ ਪਹਿਲਾਂ (ਜਾਂ 1960 ਅਤੇ 1978 ਦੇ ਵਿਚਕਾਰ, ਜੇਕਰ ਮਾਲਕ ਜਾਣਦਾ ਹੈ ਕਿ ਇਮਾਰਤ ਵਿੱਚ ਲੈੱਡ ਪੇਂਟ ਹੈ) ਬਣੀ ਸੀ, ਤਾਂ ਇਹ ਕਨੂੰਨ ਲਾਗੂ ਹੁੰਦੇ ਹਨ।

**ਲੈੱਡ ਪੇਂਟ ਦੇ ਖਤਰਿਆਂ** ਵਿੱਚ ਛਿੱਲਣ ਵਾਲਾ ਜਾਂ ਖ਼ਰਾਬ ਲੈੱਡ ਪੇਂਟ; ਟੁੱਟੇ ਹੋਏ ਪਲਾਸਟਰ ਜਾਂ ਸੜੀ ਹੋਈ ਲੱਕੜ 'ਤੇ ਲੈੱਡ ਪੇਂਟ; ਆਪਸ ਵਿੱਚ ਛੂਹਣ, ਚਿਪਕਣ ਜਾਂ ਰਗੜਣ ਵਾਲੇ ਦਰਵਾਜ਼ਿਆਂ ਅਤੇ ਖਿੜਕੀਆਂ 'ਤੇ ਲੈੱਡ ਪੇਂਟ; ਅਤੇ ਵਿੰਡੋਸਿਲਸ ਅਤੇ ਅਜਿਹੀਆਂ ਸਤਹਾਂ 'ਤੇ ਲੈੱਡ ਪੇਂਟ ਸ਼ਾਮਲ ਹੈ ਜਿਨ੍ਹਾਂ 'ਤੇ ਬੱਚੇ ਕੁਝ ਚਬਾ ਸਕਦੇ ਹਨ।

**ਬਿਲਡਿੰਗਾਂ ਦੇ ਮਾਲਕਾਂ ਨੂੰ ਇਹ ਕਰਨਾ ਪਵੇਗਾ:**

- ਇਹ ਜਾਣਨ ਲਈ ਸਾਰੇ ਕਿਰਾਏਦਾਰਾਂ ਨੂੰ ਇੱਕ **ਸਲਾਨਾ ਨੋਟਿਸ** ਵੰਡਣਾ ਕਿ ਕੀ ਅਪਾਰਟਮੈਂਟ ਵਿੱਚ 5 ਸਾਲ ਜਾਂ ਉਸਤੋਂ ਘੱਟ ਉਮਰ ਦਾ ਕੋਈ ਬੱਚਾ ਰਹਿੰਦਾ ਹੈ ਜਾਂ ਉੱਥੇ ਨਿਯਮਿਤ ਤੌਰ 'ਤੇ ਹਫ਼ਤੇ ਵਿੱਚ 10 ਜਾਂ ਵੱਧ ਘੰਟੇ ਬਿਤਾਉਂਦਾ ਹੈ। ਲੈੱਡ ਪੇਂਟ ਦੇ ਖਤਰਿਆਂ ਲਈ ਅਜਿਹੇ ਕਿਸੇ ਵੀ ਅਪਾਰਟਮੈਂਟ ਦਾ ਨਿਰੀਖਣ ਕਰਨਾ ਜਿੱਥੇ 5 ਸਾਲ ਜਾਂ ਉਸਤੋਂ ਘੱਟ ਉਮਰ ਦਾ ਕੋਈ ਬੱਚਾ ਹੈ ਅਤੇ ਕਿਰਾਏਦਾਰ ਨੂੰ ਨਿਰੀਖਣ ਦੇ ਨਤੀਜਿਆਂ ਦੀ ਕਾਪੀ ਦੇਣਾ। ਸਲਾਨਾ ਨੋਟਿਸ ਅਤੇ ਹਿਦਾਇਤਾਂ ਨੂੰ ਲੱਭਣ ਲਈ, **nyc.gov/health** 'ਤੇ ਜਾਓ ਅਤੇ **"lead paint annual notice" (ਲੈੱਡ ਪੇਂਟ ਲਈ ਸਲਾਨਾ ਨੋਟਿਸ)** ਲੱਭੋ।
- **ਸੁਰੱਖਿਅਤ ਕਾਰਜ ਪ੍ਰਣਾਲੀਆਂ** ਨੂੰ ਵਰਤ ਕੇ ਕਿਰਾਏ ਦੇ ਸਾਰੇ ਯੂਨਿਟਸ ਵਿੱਚ ਲੈੱਡ ਪੇਂਟ ਦੇ ਖਤਰਿਆਂ ਲਈ ਮੁਰੰਮਤ ਕਰਨਾ, ਅਤੇ ਕਿਸੇ ਨਵੇਂ ਕਿਰਾਏਦਾਰ ਦੇ ਆਉਣ ਤੋਂ ਪਹਿਲਾਂ, ਇਹ ਯਕੀਨੀ ਬਣਾਉਣਾ ਕਿ ਆਪਸ ਵਿੱਚ ਛੂਹਣ, ਚਿਪਕਣ ਜਾਂ ਰਗੜਣ ਵਾਲੀਆਂ ਖਿੜਕੀਆਂ ਅਤੇ ਦਰਵਾਜ਼ਿਆਂ ਦੀਆਂ ਸਤਹਾਂ 'ਤੇ ਲੈੱਡ ਪੇਂਟ ਨਹੀਂ ਲੱਗਾ ਹੈ। ਜੇਕਰ ਅਪਾਰਟਮੈਂਟ ਵਿੱਚ ਕਿਰਾਏਦਾਰ ਦੇ ਰਹਿਣ ਦੇ ਨਾਲ-ਨਾਲ ਲੈੱਡ ਪੇਂਟ ਦੇ ਖਤਰਿਆਂ ਨੂੰ ਸੁਰੱਖਿਅਤ ਢੰਗ ਨਾਲ ਦਰੁਸਤ ਨਹੀਂ ਕੀਤਾ ਜਾ ਸਕਦਾ ਤਾਂ ਅਸਥਾਈ ਰਿਹਾਇਸ਼ ਪ੍ਰਦਾਨ ਕਰਨਾ।
- ਜਦੋਂ ਕਿਸੇ ਕਮਰੇ ਵਿੱਚ 100 ਵਰਗ ਫੁੱਟ ਤੋਂ ਜ਼ਿਆਦਾ ਲੈੱਡ ਪੇਂਟ ਹਟਾਇਆ ਜਾਵੇਗਾ, ਜਾਂ ਪੇਂਟ ਕੀਤੀਆਂ ਦੋ ਜਾਂ ਵੱਧ ਖਿੜਕੀਆਂ ਬਦਲੀਆਂ ਜਾਣਗੀਆਂ, ਓਦੋਂ NYC ਸਿਹਤ ਅਤੇ ਮਾਨਸਿਕ ਅਰੋਗਤਾ ਵਿਭਾਗ (NYC ਸਿਹਤ ਵਿਭਾਗ) ਨੂੰ ਸੂਚਿਤ ਕਰਨਾ। **nyc.gov/health** 'ਤੇ ਜਾਓ ਅਤੇ "**notice of commencement form**" **(ਸ਼ੁਰੂਆਤੀ ਫ਼ਾਰਮ ਦਾ ਨੋਟਿਸ)** ਲੱਭੋ।
- ਘੱਟੋ-ਘੱਟ 10 ਸਾਲਾਂ ਦੇ ਲੈੱਡ ਪੇਂਟ ਦੇ ਨਿਰੀਖਣਾਂ, ਨੋਟਿਸਾਂ ਅਤੇ ਮੁਰੰਮਤਾਂ ਨਾਲ ਸੰਬੰਧਿਤ ਹਰ ਚੀਜ਼ ਦਾ ਰਿਕਾਰਡ ਰੱਖਣਾ।

**ਸੁਰੱਖਿਅਤ ਕਾਰਜ ਪ੍ਰਣਾਲੀਆਂ**

- ਲੈੱਡ ਪੇਂਟ ਦੇ ਖਤਰਿਆਂ ਨੂੰ ਦਰੁਸਤ ਕਰਨ ਅਤੇ ਲੈੱਡ ਪੇਂਟ ਨੂੰ ਹਟਾਉਣ ਵਾਲਾ ਆਮ ਮੁਰੰਮਤ ਦਾ ਕੰਮ ਕਰਨ ਵੇਲੇ ਯੂ.ਐੱਸ. ਵਾਤਾਵਰਣ ਸੁਰੱਖਿਆ ਏਜੰਸੀ (U.S. Environmental Protection Agency, EPA) ਦੁਆਰਾ ਪ੍ਰਮਾਣਿਤ ਕਰਮਚਾਰੀਆਂ ਅਤੇ ਫਰਮਾਂ ਦੀ ਵਰਤੋਂ ਕਰੋ।
- ਕਾਰਜ ਖੇਤਰ ਦੇ ਬਾਹਰ ਚੇਤਾਵਨੀ ਦੇ ਸੰਕੇਤ ਪੋਸਟ ਕਰੋ।
- ਸਾਰੇ ਫਰਨੀਚਰ ਦੀ ਥਾਂ ਬਦਲੋ ਜਾਂ ਉਸਨੂੰ ਢੱਕ ਦਿਓ ਅਤੇ ਫ਼ਰਸ਼, ਦਰਵਾਜ਼ਿਆਂ ਅਤੇ ਹੋਰ ਦਰਾੜਾਂ ਨੂੰ ਪਲਾਸਟਿਕ ਅਤੇ ਵਾਟਰਪ੍ਰੂਫ਼ ਟੇਪ ਨਾਲ ਸੀਲ ਕਰੋ।
- ਕਾਰਜ ਖੇਤਰ ਨੂੰ ਰੋਜ਼ਾਨਾ ਗਿੱਲੇ ਮੌਪਸ ਜਾਂ HEPA ਵੈਕਿਊਮ ਨਾਲ ਸਾਫ਼ ਕਰੋ, **ਅਤੇ** ਕੰਮ ਪੂਰਾ ਹੋਣ ਤੋਂ ਬਾਅਦ ਗਿੱਲੇ ਮੌਪਸ ਅਤੇ HEPA ਵੈਕਿਊਮ ਨਾਲ ਸਾਫ਼ ਕਰੋ।
- ਕੰਮ ਪੂਰਾ ਹੋਣ ਤੋਂ ਬਾਅਦ ਇਹ ਯਕੀਨੀ ਬਣਾਉਣ ਲਈ ਇੱਕ ਸੁਤੰਤਰ EPA-ਪ੍ਰਮਾਣਿਤ ਠੇਕੇਦਾਰ ਨੂੰ ਕਲੀਅਰੈਂਸ ਡਸਟ ਵਾਈਪਸ ਕਰਨ ਲਈ ਕਹੋ ਕਿ ਲੈੱਡ ਦੀ ਧੂੜ ਦਾ ਪੱਧਰ ਸੁਰੱਖਿਅਤ ਹੈ। ਕਿਰਾਏਦਾਰ ਨੂੰ ਨਤੀਜਿਆਂ ਦੀ ਕਾਪੀ ਦਿਓ।
- ਕਦੇ ਵੀ ਲੈੱਡ ਪੇਂਟ 'ਤੇ ਡ੍ਰਾਇ-ਸਕ੍ਰੈਪ ਜਾਂ ਡ੍ਰਾਇ-ਸੈਂਡ ਨਾ ਕਰੋ।

**5-ਸਾਲ ਬਾਅਦ ਜਾਂਚ ਦੀ ਜ਼ਰੂਰਤ (2020 ਦਾ ਸਥਾਨਕ ਕਨੂੰਨ 31)**

ਬਿਲਡਿੰਗਾਂ ਦੇ ਮਾਲਕਾਂ ਨੂੰ ਅਗਸਤ 2025 ਤੱਕ, ਜਾਂ ਇੱਕ ਸਾਲ ਦੇ ਅੰਦਰ, ਜੋ ਵੀ ਜਲਦੀ ਹੋਵੇ, ਲੈੱਡ ਪੇਂਟ ਲਈ ਸਾਰੇ ਅਪਾਰਟਮੈਂਟਾਂ ਦੀ ਜਾਂਚ ਕਰਨੀ ਪਵੇਗੀ, ਜੇਕਰ 5 ਸਾਲ ਜਾਂ ਉਸਤੋਂ ਘੱਟ ਉਮਰ ਦਾ ਕੋਈ ਬੱਚਾ ਅਪਾਰਟਮੈਂਟ ਵਿੱਚ ਰਹਿਣ ਜਾਂ ਉੱਥੇ ਨਿਯਮਿਤ ਤੌਰ 'ਤੇ ਹਫ਼ਤੇ ਵਿੱਚ 10 ਜਾਂ ਵੱਧ ਘੰਟੇ ਬਿਤਾਉਣ ਲਈ ਆਉਂਦਾ ਹੈ।

## ਕਿਰਾਏਦਾਰਾਂ ਨੂੰ ਇਹ ਕਰਨਾ ਪਵੇਗਾ:

- 15 ਫਰਵਰੀ ਤੱਕ, ਆਪਣੀ ਬਿਲਡਿੰਗ ਦੇ ਮਾਲਕ ਤੋਂ ਪ੍ਰਾਪਤ ਹੋਇਆ ਸਲਾਨਾ ਨੋਟਿਸ ਭਰ ਕੇ ਵਾਪਸ ਭੇਜੋ। ਇਹ ਫ਼ਾਰਮ ਮਾਲਕ ਨੂੰ ਦੱਸਦਾ ਹੈ ਕਿ ਕੀ ਤੁਹਾਡੇ ਅਪਾਰਟਮੈਂਟ ਵਿੱਚ ਕੋਈ ਬੱਚਾ ਰਹਿੰਦਾ ਹੈ ਜਾਂ ਨਿਯਮਿਤ ਤੌਰ 'ਤੇ ਸਮਾਂ ਬਿਤਾਉਂਦਾ ਹੈ।
- ਬਿਲਡਿੰਗ ਦੇ ਮਾਲਕ ਨੂੰ ਲਿਖਤੀ ਰੂਪ ਵਿੱਚ ਸੂਚਿਤ ਕਰੋ ਜੇਕਰ, ਤੁਹਾਡੇ ਦੁਆਰਾ ਸਲਾਨਾ ਨੋਟਿਸ ਵਾਪਸ ਭੇਜਣ ਤੋਂ ਬਾਅਦ, ਤੁਹਾਡਾ ਕੋਈ ਬੱਚਾ ਹੈ ਜਾਂ ਕੀ 5 ਸਾਲ ਜਾਂ ਉਸਤੋਂ ਘੱਟ ਉਮਰ ਦਾ ਕੋਈ ਬੱਚਾ ਤੁਹਾਡੇ ਘਰ ਵਿੱਚ ਰਹਿਣ ਜਾਂ ਉੱਥੇ ਨਿਯਮਿਤ ਤੌਰ 'ਤੇ ਹਫ਼ਤੇ ਵਿੱਚ 10 ਜਾਂ ਵੱਧ ਘੰਟੇ ਬਿਤਾਉਣ ਲਈ ਆਉਂਦਾ ਹੈ।

## ਲੈੱਡ ਪੇਂਟ ਦੀ ਉਲੰਘਣਾ ਬਾਰੇ ਕੀ ਜਾਨਣ ਦੀ ਲੋੜ ਹੈ

- ਜੇਕਰ ਇਮਾਰਤ 1960 ਤੋਂ ਪਹਿਲਾਂ ਬਣੀ ਸੀ, ਤਾਂ NYC ਰਿਹਾਇਸ਼ ਸੰਭਾਲ ਅਤੇ ਵਿਕਾਸ ਵਿਭਾਗ (Department of Housing Preservation and Development, HPD)ਅਜਿਹੇ ਕਿਸੇ ਵੀ ਅਪਾਰਟਮੈਂਟ ਵਿੱਚ ਲੈੱਡ ਪੇਂਟ ਦੇ ਖਤਰਿਆਂ ਲਈ ਨਿਰੀਖਣ ਕਰੇਗਾ ਜਿੱਥੇ ਕਿਰਾਏਦਾਰ ਨੇ ਰਿਹਾਇਸ਼ ਰੱਖਰਖਾਵ ਸੰਬੰਧੀ ਸ਼ਿਕਾਇਤ ਦੇ ਨਾਲ **311** 'ਤੇ ਕਾਲ ਕੀਤੀ ਹੈ ਅਤੇ 5 ਸਾਲ ਜਾਂ ਉਸਤੋਂ ਘੱਟ ਉਮਰ ਦਾ ਕੋਈ ਬੱਚਾ ਉੱਥੇ ਰਹਿੰਦਾ ਹੈ ਜਾਂ ਉੱਥੇ ਨਿਯਮਿਤ ਤੌਰ 'ਤੇ ਹਫ਼ਤੇ ਵਿੱਚ 10 ਜਾਂ ਵੱਧ ਘੰਟੇ ਬਿਤਾਉਂਦਾ ਹੈ।
- ਜੇਕਰ HPD ਨੂੰ ਲੈੱਡ ਪੇਂਟ ਦਾ ਖਤਰਾ ਮਿਲਦਾ ਹੈ, ਤਾਂ ਇੰਸਪੈਕਟਰ ਬਿਲਡਿੰਗ ਦੇ ਮਾਲਕ ਨੂੰ ਇੱਕ ਉਲੰਘਣਾ ਜਾਰੀ ਕਰੇਗਾ, ਅਤੇ ਮਾਲਕ ਲਈ ਇੱਕ ਨਿਸ਼ਚਿਤ ਸਮੇਂ ਦੇ ਅੰਦਰ ਖਤਰਿਆਂ ਨੂੰ ਦਰੁਸਤ ਕਰਨਾ ਜ਼ਰੂਰੀ ਹੋਵੇਗਾ।
- ਲੈੱਡ ਪੇਂਟ ਦੇ ਖਤਰਿਆਂ ਨਾਲ ਜੁੜੀਆਂ ਉਲੰਘਣਾਵਾਂ ਨੂੰ ਦਰੁਸਤ ਕਰਨ ਜਾਂ ਆਪਸ ਵਿੱਚ ਛੂਹਣ, ਚਿਪਕਣ ਜਾਂ ਰਗੜਣ ਵਾਲੇ ਦਰਵਾਜ਼ਿਆਂ ਜਾਂ ਖਿੜਕੀਆਂ ਤੋਂ ਲੈੱਡ ਪੇਂਟ ਨੂੰ ਹਟਾਉਣ ਲਈ, ਬਿਲਡਿੰਗ ਦੇ ਮਾਲਕ ਨੂੰ, ਯੂ.ਐੱਸ. EPA ਦੁਆਰਾ ਪ੍ਰਮਾਣਿਤ ਕਰਮਚਾਰੀਆਂ ਅਤੇ ਫਰਮਾਂ ਸਮੇਤ, ਸੁਰੱਖਿਅਤ ਕਾਰਜ ਪ੍ਰਣਾਲੀਆਂ ਦੀ ਵਰਤੋਂ ਕਰਨੀ ਪਵੇਗੀ।
- ਕੁਝ ਉਲੰਘਣਾਵਾਂ ਲਈ HPD ਵਾਸਤੇ ਇਹ ਨਿਰੀਖਣ ਅਤੇ ਜਾਂਚ ਕਰਨ ਲਈ ਅਪਾਰਟਮੈਂਟ ਵਿੱਚ ਵਾਪਸ ਜਾਣਾ ਜ਼ਰੂਰੀ ਹੋਵੇਗਾ ਕਿ ਮਾਲਕ ਨੇ ਕੰਮ ਕੀਤਾ ਜਾਂ ਨਹੀਂ। ਜੇਕਰ ਬਿਲਡਿੰਗ ਦਾ ਮਾਲਕ ਲੈੱਡ ਪੇਂਟ ਦੀ ਉਲੰਘਣਾ ਨੂੰ ਠੀਕ ਨਹੀਂ ਕਰਦਾ, ਤਾਂ HPD ਖਤਰੇ ਨੂੰ ਦਰੁਸਤ ਕਰੇਗਾ। ਇਸਦੇ ਲਈ ਕਈ ਵਿਜ਼ਿਟਸ ਦੀ ਲੋੜ ਹੋ ਸਕਦੀ ਹੈ। ਕਿਰਾਏਦਾਰਾਂ ਲਈ HPD ਨੂੰ

ਪਹੁੰਚ ਪ੍ਰਦਾਨ ਕਰਨਾ, ਅਤੇ ਕੋਈ ਵੀ ਲੋੜੀਂਦੀ ਮੁਰੰਮਤ ਕਰਨ ਲਈ ਬਿਲਡਿੰਗ ਦੇ ਸਟਾਫ ਜਾਂ ਠੇਕੇਦਾਰਾਂ ਨੂੰ ਅਪਾਰਟਮੈਂਟ ਵਿੱਚ ਆਉਣ ਦੇਣਾ ਜ਼ਰੂਰੀ ਹੈ।
- HPD ਬਿਲਡਿੰਗ ਦੇ ਮਾਲਕ ਤੋਂ ਲੈੱਡ ਪੇਂਟ ਦੇ ਰਿਕਾਰਡ ਮੰਗ ਸਕਦਾ ਹੈ ਅਤੇ ਬਿਲਡਿੰਗ ਦੇ ਦੂਜੇ ਹਿੱਸਿਆਂ ਦਾ ਨਿਰੀਖਣ ਕਰ ਸਕਦਾ ਹੈ। HPD ਲਾਪਤਾ ਰਿਕਾਰਡਾਂ ਜਾਂ ਨਿਰੀਖਣ ਦੇ ਦੌਰਾਨ ਮਿਲੇ ਕਿਸੇ ਵੀ ਖਤਰੇ ਲਈ ਉਲੰਘਣਾ ਜਾਰੀ ਕਰੇਗਾ।

## ਲੈੱਡ ਪੌਇਜ਼ਨਿੰਗ ਨੂੰ ਰੋਕਣ ਵਿੱਚ ਮਦਦ ਕਰੋ

- ਲੈੱਡ ਪੌਇਜ਼ਨਿੰਗ ਨੂੰ ਰੋਕਣ ਦੇ ਤਰੀਕੇ ਜਾਂ ਲੈੱਡ ਟੈਸਟ ਕਰਵਾਉਣ ਦੀ ਥਾਂ ਬਾਰੇ ਹੋਰ ਜਾਣਨ, ਜਾਂ ਲੈੱਡ ਪੌਇਜ਼ਨਿੰਗ ਦੀ ਰੋਕਥਾਮ ਬਾਰੇ ਇਸ ਦਸਤਾਵੇਜ਼ ਜਾਂ ਹੋਰ ਸਮੱਗਰੀ ਦੀਆਂ ਵਾਧੂ ਕਾਪੀਆਂ ਆਰਡਰ ਕਰਨ ਲਈ **311** ’ਤੇ ਕਾਲ ਕਰੋ।
- ਆਪਣੀ ਬਿਲਡਿੰਗ ਦੇ ਮਾਲਕ ਨੂੰ ਆਪਣੇ ਅਪਾਰਟਮੈਂਟ ਵਿੱਚ ਪੇਂਟ ਛਿੱਲਣ, ਤਿੜਕਣ ਜਾਂ ਢਿੱਲਾ ਪੈਣ ਦੀ ਰਿਪੋਰਟ ਕਰੋ। ਜੇਕਰ ਤੁਹਾਡੀ ਬਿਲਡਿੰਗ ਦਾ ਮਾਲਕ ਛਿੱਲਣ ਵਾਲੇ ਪੇਂਟ ਨੂੰ ਠੀਕ ਨਹੀਂ ਕਰਵਾਉਂਦਾ ਜਾਂ ਜੇਕਰ ਤੁਹਾਨੂੰ ਲੱਗਦਾ ਹੈ ਕਿ ਮੁਰੰਮਤ ਦਾ ਕੰਮ ਅਸੁਰੱਖਿਅਤ ਢੰਗ ਨਾਲ ਕੀਤਾ ਜਾ ਰਿਹਾ ਹੈ, ਤਾਂ **311** ’ਤੇ ਕਾਲ ਕਰੋ।
- **311** ’ਤੇ ਕਾਲ ਕਰ ਕੇ ਪੀਣ ਵਾਲੇ ਪਾਣੀ ਲਈ ਮੁਫ਼ਤ ਲੈੱਡ ਟੈਸਟ ਕਿੱਟ ਮੰਗਵਾਓ। ਪਾਣੀ ਦਾ ਨਮੂਨਾ ਜਮ੍ਹਾਂ ਕਰਨ ਤੋਂ ਬਾਅਦ 30 ਦਿਨਾਂ ਦੇ ਅੰਦਰ ਤੁਹਾਨੂੰ ਨਤੀਜੇ ਪ੍ਰਾਪਤ ਹੋਣਗੇ।
- ਫਰਸ਼, ਵਿੰਡੋਸਿਲਸ, ਹੱਥਾਂ, ਖਿਡੌਣਿਆਂ ਅਤੇ ਪੈਸੀਫਾਇਰਸ ਨੂੰ ਵਾਰ-ਵਾਰ ਧੋਵੋ।
- ਆਪਣੇ ਬੱਚੇ ਦੀ 1 ਅਤੇ 2 ਸਾਲ ਦੀ ਉਮਰ ਵਿੱਚ ਲੈੱਡ ਪੌਇਜ਼ਨਿੰਗ ਲਈ ਉਸਦੀ ਜਾਂਚ ਕਰਨ ਵਾਸਤੇ ਆਪਣੇ ਡਾਕਟਰ ਨੂੰ ਯਾਦ ਦਵਾਓ। ਵੱਡੇ ਬੱਚਿਆਂ ਦੀ ਜਾਂਚ ਕਰਨ ਬਾਰੇ ਡਾਕਟਰ ਨੂੰ ਪੁੱਛੋ। ਜੇਕਰ ਤੁਹਾਡੇ ਕੋਲ ਡਾਕਟਰ ਨਹੀਂ ਹੈ, ਤਾਂ ਡਾਕਟਰ ਨੂੰ ਲੱਭਣ ਵਿੱਚ ਮਦਦ ਲਈ **311** 'ਤੇ ਕਾਲ ਕਰੋ।

ਜੇਕਰ ਇਮਾਰਤ 1960 ਤੋਂ ਪਹਿਲਾਂ (ਜਾਂ 1960 ਅਤੇ 1978 ਦੇ ਵਿਚਕਾਰ, ਜੇਕਰ ਮਾਲਕ ਜਾਣਦਾ ਹੈ ਕਿ ਇਮਾਰਤ ਵਿੱਚ ਲੈੱਡ ਪੇਂਟ ਹੈ) ਬਣੀ ਸੀ, ਤਾਂ ਕਿਰਾਏ ਦੇ ਯੂਨਿਟਸ ਵਾਲੀਆਂ ਬਿਲਡਿੰਗਾਂ ਦੇ ਮਾਲਕਾਂ ਨੂੰ ਕਿਰਾਏਦਾਰਾਂ ਦੁਆਰਾ ਲੀਜ਼ ’ਤੇ ਦਸਤਖ਼ਤ ਕਰਨ ਜਾਂ ਕਿਸੇ ਅਪਾਰਟਮੈਂਟ ਵਿੱਚ ਆਉਣ ਵੇਲੇ ਉਨ੍ਹਾਂਨੂੰ ਇਹ ਦਸਤਾਵੇਜ਼ ਦੇਣਾ ਚਾਹੀਦਾ ਹੈ। ਇਸ ਦਸਤਾਵੇਜ਼ ਵਿੱਚ ਲੈੱਡ ਪੇਂਟ ਬਾਰੇ ਮੁੱਢਲੀ ਜਾਣਕਾਰੀ ਹੈ, ਇਸਦਾ ਇਰਾਦਾ ਕਨੂੰਨੀ ਸਲਾਹ ਪ੍ਰਦਾਨ ਕਰਨਾ ਨਹੀਂ ਹੈ, ਅਤੇ ਇਹ ਸਿਰਫ਼ ਤੁਹਾਡੀ ਸਹੂਲਤ ਲਈ ਮੁਹੱਈਆ ਕੀਤਾ ਜਾਂਦਾ ਹੈ। ਕਨੂੰਨਾਂ ਅਤੇ ਲਾਗੂ ਹੋਣ ਵਾਲੇ ਨਿਯਮਾਂ ਦੀ ਕਾਪੀ ਲਈ, **nyc.gov/hpd** ’ਤੇ ਜਾਓ ਅਤੇ "**lead poisoning**" **(ਲੈੱਡ ਪੌਇਜ਼ਨਿੰਗ)** ਲੱਭੋ। ਲੈੱਡ ਪੌਇਜ਼ਨਿੰਗ ਨੂੰ ਰੋਕਣ ਬਾਰੇ ਵਧੇਰੀ ਜਾਣਕਾਰੀ ਲਈ, **nyc.gov/lead** ’ਤੇ ਜਾਓ।